

# ਤੁਹਾਡੇ ਆਵਾਜਾਈ ਲਾਭ

**ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣੀਆਂ ਮੈਡੀ-ਕਲ (Medi-Cal) ਅਧੀਨ ਆਉਂਦੀਆਂ ਸੇਵਾਵਾਂ ਲਈ ਆਵਾਜਾਈ ਦੀ ਸਹੂਲਤ ਪ੍ਰਾਪਤ ਕਰ ਸਕਦੇ ਹੋ?**

Partnership ਦੇ ਮੈਂਬਰ ਵਜੋਂ ਤੁਸੀਂ 5 ਕਿਸਮਾਂ ਦੀਆਂ ਆਵਾਜਾਈ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ:

## 1) ਐਮਰਜੈਂਸੀ ਆਵਾਜਾਈ ਸੇਵਾਵਾਂ

Partnership ਐਂਬੁਲੈਂਸ ਸੇਵਾਵਾਂ ਕਵਰ ਕਰਦੀ ਹੈ। ਜੇ ਤੁਹਾਨੂੰ ਐਮਰਜੈਂਸੀ ਆਵਾਜਾਈ ਦੀ ਜ਼ਰੂਰਤ ਹੈ ਤਾਂ ਤੁਰੰਤ **911** 'ਤੇ ਕਾਲ ਕਰੋ। ਤੁਹਾਨੂੰ ਆਪਣੇ ਪ੍ਰਦਾਤਾ ਤੋਂ ਪੁੱਛਣ ਦੀ ਲੋੜ ਨਹੀਂ ਹੈ।

## 2) ਬਿਨਾਂ ਐਮਰਜੈਂਸੀ ਵਾਲੀ ਮੈਡੀਕਲ ਆਵਾਜਾਈ (NEMT)

Partnership ਮੈਡੀਕਲ ਸੇਵਾਵਾਂ ਅਤੇ ਮੁਲਾਕਾਤਾਂ ਲਈ ਆਵਾਜਾਈ ਦੀ ਸਹੂਲਤ ਪ੍ਰਦਾਨ ਕਰਦੀ ਹੈ ਜਦੋਂ ਤੁਹਾਡੀ ਡਾਕਟਰੀ ਸਥਿਤੀ ਅਜਿਹੀ ਹੋਵੇ ਕਿ ਤੁਸੀਂ ਕਾਰ, ਬੱਸ, ਰੇਲਗੱਡੀ ਜਾਂ ਟੈਕਸੀ ਦੀ ਵਰਤੋਂ ਕਰਨ ਦੇ ਸਮਰੱਥ ਨਾ ਹੋਵੋ। NEMT ਸੇਵਾਵਾਂ ਲਈ ਆਪਣੇ ਪ੍ਰਦਾਤਾ ਨੂੰ ਪੁੱਛੋ। ਉਹ ਜਾਣਦੇ ਹੋਣਗੇ ਕਿ ਤੁਹਾਡੀ ਡਾਕਟਰੀ ਸਥਿਤੀ ਲਈ ਤੁਹਾਨੂੰ ਕਿਸ ਕਿਸਮ ਦੀ ਆਵਾਜਾਈ ਦੀ ਲੋੜ ਹੈ। ਜੇਕਰ ਤੁਹਾਨੂੰ ਆਪਣੇ ਘਰ ਤੋਂ ਬਾਹਰ ਨਿਕਲਣ, ਵਾਹਨ ਵਿੱਚ ਚੜ੍ਹਨ, ਅਤੇ/ਜਾਂ ਡਾਕਟਰੀ ਦਫ਼ਤਰ ਵਿੱਚ ਜਾਣ ਲਈ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ NEMT ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। NEMT ਸੇਵਾਵਾਂ ਦੀਆਂ ਕਿਸਮਾਂ ਹੇਠ ਲਿਖੇ ਅਨੁਸਾਰ ਹਨ:

- ਐਂਬੁਲੈਂਸ
- ਵ੍ਹੀਲਚੇਅਰ ਵੈਨ
- ਹਵਾਈ ਆਵਾਜਾਈ
- ਗਰਨੀ ਵੈਨ

## 3) ਗੈਰ-ਮੈਡੀਕਲ ਆਵਾਜਾਈ (NMT)

Partnership ਮੈਂਬਰਾਂ ਨੂੰ ਡਾਕਟਰੀ ਮੁਲਾਕਾਤਾਂ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਟੈਕਸੀਆਂ ਜਾਂ ਬੱਸਾਂ ਦੀ ਵਰਤੋਂ ਕਰਦੀ ਹੈ। ਤੁਸੀਂ ਹੇਠ ਲਿਖੀਆਂ ਸਹੂਲਤਾਂ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ:

- ਬੱਸ ਦੇ ਪਾਸ/ ਪੈਰਾ-ਟ੍ਰਾਂਜ਼ਿਟ ਟਿਕਟਾਂ
- ਟੈਕਸੀ ਦੇ ਵਾਉਚਰ
- ਟ੍ਰੇਨ ਦੀਆਂ ਟਿਕਟਾਂ

Partnership ਉਸ ਸਭ ਤੋਂ ਘੱਟ ਲਾਗਤ ਵਾਲੀ NMT ਸੇਵਾ ਲਈ ਭੁਗਤਾਨ ਕਰੇਗੀ ਜੋ ਤੁਹਾਡੀਆਂ ਸਿਹਤ ਲੋੜਾਂ ਨੂੰ ਪੂਰਾ ਕਰਦੀ ਹੈ। ਉਦਾਹਰਨ ਲਈ, ਜੇਕਰ ਤੁਹਾਡੇ ਘਰ ਅਤੇ ਪ੍ਰਦਾਤਾ ਦੇ ਦਫ਼ਤਰ ਦੇ ਨੇੜੇ ਕੋਈ ਬੱਸ ਦਾ ਮਾਰਗ ਹੈ, ਤਾਂ ਤੁਹਾਨੂੰ ਟੈਕਸੀ ਦੀ ਬਜਾਏ ਬੱਸ ਪਾਸ ਦਿੱਤਾ ਜਾ ਸਕਦਾ ਹੈ।

**4) ਗੈਸ ਖਰਚੇ ਦੀ ਵਾਪਸੀ (GMR)**

ਜਦੋਂ ਕੋਈ ਪਰਿਵਾਰਕ ਮੈਂਬਰ ਜਾਂ ਦੋਸਤ ਤੁਹਾਨੂੰ Medi-Cal ਵੱਲੋਂ ਕਵਰ ਕੀਤੀ ਗਈ ਸੇਵਾ ਲਈ ਆਪਣੀ ਗੱਡੀ ਵਿੱਚ ਲੈ ਕੇ ਜਾਂਦਾ ਹੈ, ਤਾਂ Partnership ਉਸ ਖਰਚੇ ਦੀ ਅਦਾਇਗੀ ਦੀ ਪੇਸ਼ਕਸ਼ ਕਰਦੀ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਮੈਂਬਰਾਂ ਨੂੰ ਸਿੱਧੇ ਤੌਰ 'ਤੇ ਭੁਗਤਾਨ ਨਹੀਂ ਕੀਤਾ ਜਾ ਸਕਦਾ।

**5) ਸਫ਼ਰ ਦੇ ਖ਼ਰਚਿਆਂ ਲਈ ਹੋਰ ਲਾਭ**

Partnership ਇਹ ਕਵਰ ਕਰ ਸਕਦੀ ਹੈ:

- ਭੋਜਨ
- ਟੋਲਸ
- ਲਾਜਿੰਗ
- ਪਾਰਕਿੰਗ

**Partnership ਕੋਲ iPhone ਅਤੇ Android ਉਪਭੋਗਤਾਵਾਂ ਲਈ ਇੱਕ ਟ੍ਰਾਂਸਪੋਰਟੇਸ਼ਨ ਮੈਂਬਰ ਐਪ ਉਪਲਬਧ ਹੈ!**

ਇਸ ਐਪ 'ਤੇ, ਤੁਸੀਂ ਇਹ ਸਹੂਲਤਾਂ ਪ੍ਰਾਪਤ ਕਰ ਸਕਦੇ ਹੋ:

- ਸਵਾਰੀ ਲਈ ਬੇਨਤੀ ਕਰਨਾ
- ਆਪਣੀ ਸਵਾਰੀ ਦੀ ਬੇਨਤੀ ਦੀ ਸਥਿਤੀ ਅਤੇ ਸੰਬੰਧਿਤ ਕੰਪਨੀ ਦੀ ਜਾਣਕਾਰੀ ਦੇਖਣਾ
- ਆਪਣੇ ਡਰਾਈਵਰ ਦੀ ਲੋਕੇਸ਼ਨ ਚੈੱਕ ਕਰਨਾ
- ਸਵਾਰੀ ਰੱਦ ਕਰਨਾ

ਟ੍ਰਾਂਸਪੋਰਟੇਸ਼ਨ ਐਪ ਲਈ ਸਾਈਨ-ਅੱਪ ਕਰਨ ਵਾਸਤੇ, ਕਿਰਪਾ ਕਰਕੇ **Partnership ਟ੍ਰਾਂਸਪੋਰਟੇਸ਼ਨ ਨੂੰ (866) 828-2303 'ਤੇ** ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਕਾਲ ਕਰੋ।

NEMT, NMT, ਅਤੇ ਯਾਤਰਾ ਦੇ ਖਰਚਿਆਂ ਲਈ ਆਪਣੀ ਮੁਲਾਕਾਤ ਤੋਂ ਘੱਟੋ-ਘੱਟ 5 ਦਿਨ ਪਹਿਲਾਂ **Partnership ਟ੍ਰਾਂਸਪੋਰਟੇਸ਼ਨ** ਨੂੰ ਕਾਲ ਕਰਕੇ ਬੇਨਤੀ ਕੀਤੀ ਜਾ ਸਕਦੀ ਹੈ। ਸੇਵਾਵਾਂ ਦੀ ਮੰਗ ਕਰਨ ਲਈ **(866) 828-2303**'ਤੇ

ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਕਾਲ ਕਰੋ। TTY ਵਰਤੋਂਕਾਰ ਕੈਲੀਫੋਰਨੀਆ ਰਿਲੇਅ ਸਰਵਿਸ ਨੂੰ **(800) 735-2929** ਜਾਂ **711**'ਤੇ ਕਾਲ ਕਰ ਸਕਦੇ ਹਨ। ਜ਼ਰੂਰੀ ਮੁਲਾਕਾਤਾਂ ਲਈ, ਕਿਰਪਾ ਕਰਕੇ ਜਿੰਨੀ ਜਲਦੀ ਹੋ ਸਕੇ ਕਾਲ ਕਰੋ।